# ਆਪਣੇ ਹੱਕਾਂ ਨੂੰ ਜਾਣੋ: ਲਾਸਟ ਔਫਰ ਵੋਟਾਂ

## "ਲਾਸਟ ਔਫਰ ਵੋਟ" ਕੀ ਹੁੰਦੀ ਹੈ ਅਤੇ ਮੈਨੂੰ ਇਸ ਬਾਰੇ ਕਿਉਂ ਜਾਣੂ ਹੋਣਾ ਚਾਹੀਦਾ ਹੈ?

- ਓਨਟਾਰੀਓ/ਬ੍ਰਿਟਿਸ਼ ਕੋਲੰਬੀਆ ਵਿੱਚ, ਹੜਤਾਲ ਸ਼ੁਰੂ ਹੋਣ ਤੋਂ ਪਹਿਲਾਂ, ਕੰਮ-ਮਾਲਕ ਸੂਬਾਈ ਸਰਕਾਰ ਨੂੰ ਬੇਨਤੀ ਕਰ ਸਕਦਾ ਹੈ ਕਿ ਯੂਨੀਅਨ ਮੈਂਬਰਾਂ ਤੋਂ ਕੰਮ-ਮਾਲਕ ਦੁਆਰਾ ਦਿੱਤੀ ਗਈ "ਲਾਸਟ ਔਫਰ" (ਆਖਰੀ ਪ੍ਰਸਤਾਵ) 'ਤੇ ਵੋਟ ਪਵਾਈ ਜਾਵੇ।
- ਜਦੋਂ ਕੋਈ ਕੰਮ-ਮਾਲਕ "ਲਾਸਟ ਔਫਰ ਵੋਟ" ਦੀ ਵਰਤੋਂ ਕਰਨ ਦੀ ਬੇਨਤੀ ਕਰਦਾ ਹੈ, ਤਾਂ ਇਹ ਜੁਗਤ ਕਰਮਚਾਰੀਆਂ ਨੂੰ ਇੱਕ ਅਢੁਕਵੇਂ ਇਕਰਾਰਨਾਮੇ ਨੂੰ ਸਵੀਕਾਰ ਕਰਨ ਲਈ ਦਬਾਅ ਪਾਉਣ ਦੀ ਹੁੰਦੀ ਹੈ। ਇਸ ਦਾ ਉਦੇਸ਼ ਘਬਰਾਹਟ ਪੈਦਾ ਕਰਨਾ ਅਤੇ ਕਾਮਿਆਂ ਨੂੰ ਸਾਲਾਂ ਤੱਕ ਇੱਕ ਮਾੜੇ ਕੰਟਰੈਕਟ (ਇਕਰਾਰਨਾਮੇ) ਵਿੱਚ ਫਸਣ ਦੇ ਖਤਰੇ ਵਿੱਚ ਪਾਉਣਾ ਹੁੰਦਾ ਹੈ।
- ਯੂਨੀਅਨ ਬਾਰਗੇਨਿੰਗ ਕਮੇਟੀ ਵਜੋਂ ਸਾਡਾ ਕੰਮ ਕਾਮਿਆਂ ਵਾਸਤੇ ਕੰਮ-ਮਾਲਕ ਤੋਂ **ਸਭ ਤੋਂ ਵਧੀਆ ਸੰਭਵ ਔਫਰ** ਪ੍ਰਾਪਤ ਕਰਨ ਲਈ ਗੱਲਬਾਤ ਕਰਨਾ ਹੈ।
- ਜਦੋਂ ਕੋਈ ਕੰਮ-ਮਾਲਕ "ਲਾਸਟ ਔਫਰ ਵੋਟ" ਦੀ ਜੁਗਤ ਵਰਤਦਾ ਹੈ, ਤਾਂ ਉਹ ਜਾਣਬੁੱਝ ਕੇ ਤੁਹਾਡੀ ਕਮੇਟੀ ਨੂੰ ਬਾਈਪਾਸ (ਪਾਸੇ) ਕਰ ਰਹੇ ਹੁੰਦੇ ਹਨ ਅਤੇ ਡਰ ਅਤੇ ਉਲਝਣ ਪੈਦਾ ਕਰਨ ਲਈ ਕਾਮਿਆਂ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ।

## ਜੇਕਰ ਸਾਡਾ ਕੰਮ-ਮਾਲਕ ਕਾਮਿਆਂ ਨੂੰ "ਲਾਸਟ ਔਫਰ ਵੋਟ" ਭੇਜਦਾ ਹੈ ਤਾਂ ਕੀ ਹੋਵੇਗਾ?

- ਕੰਮ-ਮਾਲਕ ਕਾਮਿਆਂ ਨੂੰ ਇੱਕ ਨੋਟਿਸ ਭੇਜੇਗਾ ਜਿਸ ਵਿੱਚ ਉਹਨਾਂ ਦੀ ਪ੍ਰਸਤਾਵਿਤ ਔਫਰ ਬਾਰੇ ਜਾਣਕਾਰੀ ਹੋਵੇਗੀ। ਉਹ ਇਸ ਨੂੰ ਇੱਕ ਨਵੇਂ ਕੰਟਰੈਕਟ ਲਈ ਨਿਰਪੱਖ ਅਤੇ ਵਾਜਬ ਡੀਲ ਵਜੋਂ ਪੇਸ਼ ਕਰਨਗੇ।
- ਸੂਬਾਈ ਮਨਿਸਟਰੀ ਆਫ ਲੇਬਰ (ਕਿਰਤ ਮੰਤਰਾਲਾ) ਸਾਰੇ ਸਬੰਧਿਤ ਕਾਮਿਆਂ ਨੂੰ ਈਮੇਲ ਰਾਹੀਂ ਔਨਲਾਈਨ ਵੋਟ ਪਾਉਣ ਅਤੇ ਬੈਲਟ (ਵੋਟ ਪਾਉਣ ਦੀ ਕਾਰਵਾਈ) ਬਾਰੇ ਸੂਚਿਤ ਕਰੇਗਾ ਅਤੇ ਈਮੇਲ ਵਿੱਚ ਉਹਨਾਂ ਨੂੰ ਕੰਮ-ਮਾਲਕ ਦੀ ਔਫਰ 'ਤੇ ਵੋਟ ਪਾਉਣ ਲਈ ਕਿਹਾ ਹੋਵੇਗਾ।
- ਤੁਹਾਨੂੰ ਕਦੇ ਵੀ ਕਿਸੇ ਬੌਸ ਦੀ ਫਾਈਨਲ ਔਫਰ ਸਵੀਕਾਰ ਕਰਨੀ ਜ਼ਰੂਰੀ ਨਹੀਂ - ਤੁਸੀਂ 'ਨਾਂਹ 'ਚ ਵੋਟ' ਪਾ ਸਕਦੇ ਹੋ!
- ਬਹੁਮਤ 'ਨਾਂਹ' ਵੋਟ ਦਾ ਮਤਲਬ ਹੈ ਕਿ ਤੁਹਾਡੀ ਯੂਨੀਅਨ ਬਾਰਗੇਨਿੰਗ ਕਮੇਟੀ ਬਿਹਤਰ ਕੰਟਰੈਕਟ ਜਿੱਤਣ ਲਈ ਫਿਰ ਤੋਂ ਸਮਝੌਤੇ ਲਈ ਗੱਲਬਾਤ ਕਰ ਸਕਦੀ ਹੈ।
- ਫਿਰ, ਜੇ ਅਸੀਂ ਤਿਆਰ ਹਾਂ, ਤਾਂ 'ਅਸੀਂ ਹੜਤਾਲ ਕਰ ਸਕਦੇ ਹਾਂ!'

**ਕੰਮ-ਮਾਲਕ ਵੱਲੋਂ ਆਉਣ ਵਾਲੀ ਕਿਸੇ ਵੀ ਲਾਸਟ ਔਫਰ ਵੋਟ ਦਾ ਤੁਹਾਡੀ ਬਾਰਗੇਨਿੰਗ ਕਮੇਟੀ ਅਤੇ ਯੂਨੀਅਨ ਸਮਰਥਨ ਨਹੀਂ ਕਰਦੀ।**

Toronto 1-800-663-6841 (toll free) or 905-602-7477 | Ottawa 613-567-3528

Vancouver 604-540-7774 | Halifax 902-455-1095 | Thunder Bay 807-473-9651

www.seiulocal2.ca | www.justiceforjanitors.ca